ਪਿੰਡ ਪੱਦੀ ਮੱਠਵਾਲੀ ਵਿਖੇ ਪਹੁੰਚਣ 'ਤੇ ਡਾ. ਬਰਜਿੰਦਰ ਸਿੰਘ ਹਮਦਰਦ ਦਾ ਸਵਾਗਤ ਕਰਨ ਸਮੇਂ ਗੁਲਦਸਤਾ ਭੇਟ ਕਰਦੇ ਹੋਏ ਜਸਬੀਰ ਸਿੰਘ ਨੂਰਪੁਰ ਇੰਚਾਰਜ 'ਅਜੀਤ' ਉੱਪ ਦਫ਼ਤਰ ਬੰਗਾ, ਨਵਾਂਸ਼ਹਿਰ ਦੇ ਇੰਚਾਰਜ ਗੁਰਬਖ਼ਸ਼ ਸਿੰਘ ਮਹੇ। ਨਾਲ ਸਤਵੀਰ ਸਿੰਘ ਪੱਲੀ ਝਿੱਕੀ, ਐਸ. ਅਸ਼ੋਕ. ਭੌਰਾ, ਚੌਧਰੀ ਮੋਹਣ ਲਾਲ ਸਾਬਕਾ ਵਿਧਾਇਕ, ਸੁਰਿੰਦਰ ਮੋਹਣ ਸਰਪੰਚ, ਠੇਕੇਦਾਰ ਰਜਿੰਦਰ ਸਿੰਘ, ਹਰਪਾਲ ਸਿੰਘ ਪਠਲਾਵਾ, ਸਾਬਕਾ ਸਰਪੰਚ ਸੁਖਵਿੰਦਰ ਕੌਰ ਅਤੇ ਹੋਰ। ਤਸਵੀਰ : ਮਨੀਸ਼

ਪੱਦੀ ਮੱਠਵਾਲੀ 'ਚ ਡਾ. ਸਾਧੂ ਸਿੰਘ ਹਮਦਰਦ...

(ਸਫ਼ਾ 3 ਦੀ ਬਾਕੀ)

ਡਾ. ਬਰਜਿੰਦਰ ਸਿੰਘ ਹਮਦਰਦ ਵਲੋਂ ਪਿੰਡ ਦੀ ਪੰਚਾਇਤ ਨੂੰ ਕੁਝ ਰਾਸ਼ੀ ਭੇਟ ਕੀਤੀ ਗਈ ਅਤੇ ਆਖਿਆ ਕਿ ਪਿੰਡ 'ਚ ਸਿਹਤ ਕੇਂਦਰ ਬਣਾਉਣ ਵਾਸਤੇ ਉਨ੍ਹਾਂ ਦੀ ਪੂਰੀ ਸਹਾਇਤਾ ਕੀਤੀ ਜਾਵੇਗੀ। ਸਮਾਗਮ ਦੌਰਾਨ ਚੌਧਰੀ ਮੋਹਨ ਲਾਲ ਸਾਬਕਾ ਵਿਧਾਇਕ ਨੇ ਆਖਿਆ ਕਿ ਡਾ. ਸਾਧੂ ਸਿੰਘ ਹਮਦਰਦ ਦੀ ਪੱਤਰਕਾਰੀ ਅਤੇ ਸਾਹਿਤ ਲਈ ਵੱਡੀ ਦੇਣ ਹੈ। ਅਕਾਲੀ-ਭਾਜਪਾ ਸਰਕਾਰ ਸਮੇਂ ਅਸੀਂ ਉਨ੍ਹਾਂ ਦੀ ਯਾਦ 'ਚ ਸਟੇਡੀਅਮ ਕਾਇਮ ਕੀਤਾ। ਸਤਵੀਰ ਸਿੰਘ ਪੱਲੀ ਝਿੱਕੀ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਸ਼ਹੀਦ ਭਗਤ ਸਿੰਘ ਨੇ ਆਖਿਆ ਕਿ ਡਾ. ਸਾਧੂ ਸਿੰਘ ਹਮਦਰਦ ਨੇ ਪੰਜਾਬੀ ਪੱਤਰਕਾਰੀ ਨੂੰ ਸਮੇਂ ਦੇ ਹਾਣੀ ਬਣਾ ਕੇ ਕੌਮਾਂਤਰੀ ਪੱਧਰ 'ਤੇ ਨਾਮਣਾ ਖੱਟਿਆ। ਅਦਾਰਾ 'ਅਜੀਤ' ਨੇ ਲੋਕਾਂ 'ਚ ਅਜਿਹੀ ਸਾਖ ਬਣਾਈ ਕਿ ਲੋਕ 'ਅਜੀਤ' ਦੀ ਵਿਸ਼ਵਾਸਯੋਗਤਾ 'ਤੇ ਹੀ ਮਾਣ ਕਰਦੇ ਹਨ। ਐਸ. ਅਸ਼ੋਕ ਭੌਰਾ ਸੀਨੀਅਰ ਪੱਤਰਕਾਰ ਨੇ ਆਖਿਆ ਕਿ ਉਨ੍ਹਾਂ ਦੀ ਦਿਲੀ ਤਮੰਨਾ ਸੀ ਕਿ ਡਾ. ਸਾਧੂ ਸਿੰਘ ਹਮਦਰਦ ਦਾ ਬੁੱਤ ਲਗਾਇਆ ਜਾਵੇਗਾ। ਉਨ੍ਹਾਂ ਲੰਬੇ ਸਮੇਂ ਤੋਂ ਅਦਾਰੇ ਨਾਲ ਜੁੜੀਆਂ ਯਾਦਾਂ ਵੀ ਸਾਂਝੀਆਂ ਕੀਤੀਆਂ। ਕੁਲਜੀਤ ਸਿੰਘ ਸਰਹਾਲ ਨੇ ਆਖਿਆ ਕਿ ਡਾ. ਸਾਧੂ ਸਿੰਘ ਹਮਦਰਦ ਨੇ ਪੰਜਾਬੀ ਸੂਬੇ ਦੇ ਸੰਘਰਸ਼ ਸਮੇਂ ਪੰਜਾਬੀ ਬੋਲਦੇ ਇਲਾਕੇ ਬਚਾਉਣ ਲਈ ਆਪਣਾ ਪੱਖ ਮਜ਼ਬੂਤੀ ਨਾਲ ਪੇਸ਼ ਕੀਤਾ। 'ਅਜੀਤ' ਉਪ ਦਫ਼ਤਰ ਬੰਗਾ ਦੇ ਇੰਚਾਰਜ ਜਸਬੀਰ ਸਿੰਘ ਨੂਰਪੁਰ ਨੇ ਮਹਿਮਾਨਾਂ ਦਾ ਸਵਾਗਤ ਕੀਤਾ। ਡਾ. ਸਾਧੂ ਸਿੰਘ ਹਮਦਰਦ ਵੈੱਲਫੇਅਰ ਤੇ ਡਿਵੈਲਪਮੈਂਟ ਕਮੇਟੀ ਦੇ ਪ੍ਰਧਾਨ ਨੰਦ ਲਾਲ ਸਾਬਕਾ ਸਰਪੰਚ ਨੇ ਸਭ ਦਾ ਧੰਨਵਾਦ ਕੀਤਾ।

ਸੀਵਰੇਜ ਲਈ ਪੁੱਟੀ ਹੌਦੀ 'ਚ ਡੁੱਬਣ ਨਾਲ ਬੱਚੇ ਦੀ ਮੌਤ

ਵੇਰਕਾ, 3 ਜਨਵਰੀ (ਪਰਮਜੀਤ ਸਿੰਘ ਬੱਗਾ)-ਅੰਮ੍ਰਿਤਸਰ ਦੇ ਵਿਧਾਨ ਸਭਾ ਹਲਕਾ ਉਤਰੀ ਅਧੀਨ ਆਉਂਦੀ ਮਜੀਠਾ ਬਾਈਪਾਸ ਨੇੜਲੀ ਗ੍ਰਾਮ ਪੰਚਾਇਤ ਰਾਮ ਨਗਰ ਵਿਖੇ ਸੀਵਰੇਜ਼ ਦਾ ਕੰਮ ਕਰਵਾ ਰਹੇ ਠੇਕੇਦਾਰ ਦੀ ਲਾਪ੍ਰਵਾਹੀ ਕਾਰਨ ਸੀਵਰੇਜ਼ ਦੀ ਹੌਦੀ ਬਣਾਉਣ ਲਈ ਪੁੱਟੇ ਟੋਏ 'ਚ ਖੜ੍ਹੇ ਗੰਦੇ ਪਾਣੀ 'ਚ ਖੇਡਦੇ ਸਮੇਂ ਡੁੱਬ ਜਾਣ ਨਾਲ ਇਕ 2 ਸਾਲਾ ਮਾਸੂਮ ਬੱਚੇ ਦੀ ਮੌਤ ਹੋ ਗਈ। ਮ੍ਰਿਤਕ ਬੱਚੇ ਦੀ ਪਹਿਚਾਨ ਇਸ਼ਾਨ ਵਜੋਂ ਹੋਈ ਹੈ ਜਿਸ ਦੇ ਪੀੜਤ ਪਿਤਾ ਪ੍ਰਸ਼ੰਨਜੀਤ ਅਤੇ ਮਾਤਾ ਦੀਪਿਕਾ ਨੇ ਦੱਸਿਆ ਕਿ ਉਹ ਲੋਕਾਂ ਦੇ ਘਰਾਂ 'ਚ ਕੰਮ ਕਰਕੇ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰਦੇ ਆ ਰਹੇ ਹਨ ਤੇ ਅੱਜ ਉਹ ਦੋਵੇਂ ਰੋਜ਼ਾਨਾ ਦੀ ਤਰ੍ਹਾਂ ਕੰਮ 'ਤੇ ਗਏ ਹੋਏ ਸਨ ਤੇ ਮਗਰੋਂ ਆਪਣੇ ਸਾਢੇ ਚਾਰ ਸਾਲਾ ਵੱਡੇ ਬੇਟੇ ਸੰਜੇ ਤੇ ਦੋ ਸਾਲਾਂ ਦੇ ਕਰੀਬ ਛੋਟੇ ਬੇਟੇ ਇਸ਼ਾਨ ਨੂੰ ਘਰ ਛੱਡ ਗਏ ਜੋ ਹੋਰਨਾਂ ਬੱਚਿਆਂ ਨਾਲ ਖੇਡਦੇ ਹੋਏ ਆਪਣੀ ਮਾਸੀ ਜਯੋਤੀ ਪਤਨੀ ਸਿਕੰਦਰ ਦੇ ਘਰ ਨੇੜੇ ਚਲੇ ਗਏ ਜਿਥੇ ਠੇਕੇਦਾਰ ਦੁਆਰਾ ਪਿਛਲੇ ਤਿੰਨ ਮਹੀਨਿਆਂ ਤੋਂ ਵਧੇਰੇ ਸਮੇਂ ਤੋਂ ਸੀਵਰੇਜ਼ ਦੀ ਹੌਦੀ ਬਨਾਉਣ ਲਈ 10 ਫੁੱਟ ਡੂੰਘਾ ਟੋਇਆ ਪੁੱਟਿਆ ਹੋਇਆ ਸੀ ਜਿਸ 'ਚ ਖੜ੍ਹੇ ਗੰਦਾ ਪਾਣੀ 'ਚ ਖੇਡਦੇ ਸਮੇਂ ਉਕਤ ਬੱਚਾ ਡਿੱਗ ਜਾਣ ਨਾਲ ਡੁੱਬ ਗਿਆ, ਜਦ ਪਰਿਵਾਰਕ ਮੈਂਬਰ ਨੇ 12 ਵਜੇ ਦੇ ਕਰੀਬ ਪਹੁੰਚੇ ਬੱਚੇ ਦੇ ਘਰ ਮੌਜੂਦ ਨਾ ਹੋਣ ਕਾਰਨ ਭਾਲ ਸ਼ੁਰੂ ਕਰ ਦਿੱਤੀ ਤੇ ਜਦ ਪਿਤਾ ਵਲੋਂ ਸ਼ੱਕ ਦੇ ਅਧਾਰ 'ਤੇ ਪਾਣੀ 'ਚ ਵਾਂਸ ਮਾਰਿਆ ਤਾਂ ਬੱਚੇ ਦੀ ਲਾਸ਼ ਪਾਣੀ ਉੱਪਰ ਆ ਜਾਣ ਨਾਲ ਉਸ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ ਜਿਥੇ ਡਾਕਟਰਾਂ ਨੇ ਬੱਚੇ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਹਾਦਸੇ ਦੀ ਜਾਣਕਾਰੀ ਮਿਲਣ 'ਤੇ ਪੁੱਜੇ ਥਾਣਾ ਸਦਰ ਦੇ ਮੁਖੀ ਗੁਰਬਿੰਦਰ ਸਿੰਘ ਨੇ ਆਖਿਆ ਕਿ ਹਾਦਸੇ ਦੀ ਜਾਣਕਾਰੀ ਹਾਸਲ ਕੀਤੀ ਗਈ ਹੈ ਤੇ ਪਰਿਵਾਰ ਵਲੋਂ ਜੋ ਕਾਰਵਾਈ ਲਈ ਲਿਖਤੀ ਸ਼ਿਕਾਇਤ ਕੀਤੀ ਜਾਵੇਗੀ ਉਸ ਅਧਾਰ ਤੇ ਕਾਰਵਾਈ ਹੋਵੇਗੀ।

ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਇਕਬਾਲ ਸਿੰਘ ਲਾਲਪੁਰਾ, ਮੁਹੰਮਦ ਲਤੀਫ਼ ਤੇ ਹੋਰ। ਤਸਵੀਰ : ਸੁਰਿੰਦਰ ਕੋਛੜ ਰਾਹੀਂ

ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਲਾਲਪੁਰਾ ਨੇ ਕੀਤੇ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ

ਅੰਮ੍ਰਿਤਸਰ, 3 ਜਨਵਰੀ (ਸੁਰਿੰਦਰ ਕੋਛੜ)-ਭਾਰਤ ਦੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਅੱਜ ਪਾਕਿਸਤਾਨ ਦੇ ਜ਼ਿਲ੍ਹਾ ਨਾਰੋਵਾਲ ਦੀ ਤਹਿਸੀਲ ਸ਼ਕਰਗੜ੍ਹ 'ਚ ਸਥਾਪਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕੀਤੇ। ਉਥੇ ਪਹੁੰਚਣ 'ਤੇ ਕਰਤਾਰਪੁਰ ਪ੍ਰਾਜੈਕਟ ਮੈਨੇਜਮੈਂਟ ਯੂਨਿਟ ਦੇ ਸੀ. ਈ. ਓ. ਮੁਹੰਮਦ ਲਤੀਫ਼ ਅਤੇ ਹੋਰਨਾ ਅਧਿਕਾਰੀਆਂ ਨੇ ਸਵਾਗਤ ਕੀਤਾ। ਇਸ ਮੌਕੇ ਸੰਸਦ ਮੈਂਬਰ ਕਮਲ ਚੌਧਰੀ, ਕੁਲਦੀਪ ਸਿੰਘ, ਅਜੈਵੀਰ ਸਿੰਘ ਲਾਲਪੁਰਾ ਆਦਿ ਵੀ ਉਨ੍ਹਾਂ ਦੇ ਨਾਲ ਸਨ। ਲਾਹੌਰ ਤੋਂ ਇਸ ਬਾਰੇ 'ਅਜੀਤ' ਨਾਲ ਜਾਣਕਾਰੀ ਸਾਂਝੀ ਕਰਦਿਆਂ

ਸਰਬੱਤ ਦੇ ਭਲੇ ਅਤੇ ਦੋਵਾਂ ਮੁਲਕਾਂ ਦੇ ਚੰਗੇ ਸੰਬੰਧਾਂ ਲਈ ਕੀਤੀ ਅਰਦਾਸ

ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਮੀਰ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਵਿਖੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਸਰਬੱਤ ਦੇ ਭਲੇ, ਵਿਸ਼ਵ ਸ਼ਾਂਤੀ ਅਤੇ ਭਾਰਤ-ਪਾਕਿ ਦੀ ਏਕਤਾ ਅਤੇ ਸਾਂਝ ਦੀ ਮਜ਼ਬੂਤੀ ਲਈ ਅਰਦਾਸ ਕੀਤੀ। ਲਾਲਪੁਰਾ ਨੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੀ ਯਾਤਰਾ ਦੌਰਾਨ ਮਜ਼ਾਰ ਸਾਹਿਬ, ਇਤਿਹਾਸਕ ਖੂਹ, ਸਰੋਵਰ ਆਦਿ ਦੇ ਦਰਸ਼ਨ ਕਰਨ ਉਪਰੰਤ ਉਥੇ ਮੌਜੂਦ ਗੈਲਰੀਆਂ ਦਾ ਵੀ ਦੌਰਾ ਕੀਤਾ ਅਤੇ ਸੰਗਤ 'ਚ ਬੈਠ ਕੇ ਲੰਗਰ ਵੀ ਛਕਿਆ। ਉਨ੍ਹਾਂ ਨੂੰ ਗੁਰਦੁਆਰਾ ਸਾਹਿਬ ਵਿਖੇ ਹੈੱਡ ਗ੍ਰਥੀ ਗੋਬਿੰਦ ਸਿੰਘ ਅਤੇ ਸੀ. ਈ. ਓ. ਮੁਹੰਮਦ ਲਤੀਫ਼ ਵਲੋਂ ਯਾਦਗਾਰੀ ਚਿੰਨ੍ਹ ਅਤੇ ਸਿਰੋਪਾਓ ਭੇਟ ਕੀਤਾ ਗਿਆ।

ਸ਼੍ਰੋਮਣੀ ਭਗਤ ਨਾਮਦੇਵ ਦਾ 672ਵਾਂ ਜੋਤੀ ਜੋਤਿ ਪੁਰਬ 15 ਨੂੰ

ਘੁਮਾਣ, 3 ਜਨਵਰੀ (ਬੰਮਰਾਹ)- ਸ਼੍ਰੋਮਣੀ ਭਗਤ ਨਾਮਦੇਵ ਜੀ ਦਾ ਜੋੜ ਮੇਲਾ ਅਤੇ 672ਵਾਂ ਜੋਤੀ ਜੋਤ ਪੁਰਬ ਘੁਮਾਣ ਦੀ ਧਰਤੀ 'ਤੇ ਬਹੁਤ ਹੀ ਸ਼ਰਧਾ ਤੇ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਕਮੇਟੀ ਦੇ ਪ੍ਰਧਾਨ ਤਰਸੇਮ ਸਿੰਘ ਬਾਵਾ, ਸਕੱਤਰ ਸੁਖਜਿੰਦਰ ਸਿੰਘ ਲਾਲੀ, ਮੀਤ ਸਕੱਤਰ ਮਨਜਿੰਦਰ ਸਿੰਘ ਬਿੱਟੂ, ਮੀਤ ਪ੍ਰਧਾਨ ਨਰਿੰਦਰ ਸਿੰਘ ਨੇ ਦੱਸਿਆ ਕਿ ਦੇਸ਼-ਵਿਦੇਸ਼ਾਂ ਤੋਂ 10 ਜਨਵਰੀ ਨੂੰ ਸੰਗਤਾਂ ਘੁਮਾਣ ਦੀ ਧਰਤੀ 'ਤੇ ਪੁੱਜ ਜਾਂਦੀਆਂ ਹਨ। 13 ਜਨਵਰੀ ਨੂੰ ਲੋਹੜੀ, 14 ਜਨਵਰੀ ਨੂੰ ਸੰਗਰਾਂਦ ਅਤੇ 15 ਜਨਵਰੀ ਨੂੰ ਸ਼੍ਰੋਮਣੀ ਭਗਤ ਨਾਮਦੇਵ ਜੀ ਦਾ ਜੋਤੀ ਜੋਤ ਪੁਰਬ ਮਨਾਇਆ ਜਾਵੇਗਾ। ਲੋਹੜੀ ਵਾਲੀ ਰਾਤ ਧਾਰਮਿਕ ਦਿਵਾਨ ਸਜਣਗੇ। ਗੁਰਦੁਆਰਾ ਤਪਿਆਣਾ ਸਾਹਿਬ ਦੇ ਪ੍ਰਧਾਨ ਕਸ਼ਮੀਰ ਸਿੰਘ ਨੇ ਦੱਸਿਆ ਕਿ 11 ਜਨਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ 13 ਜਨਵਰੀ ਨੂੰ ਭੋਗ ਪੈਣਗੇ। 13 ਜਨਵਰੀ ਨੂੰ ਸਵੇਰੇ 10 ਵਜੇ ਵਿਸ਼ਾਲ ਨਗਰ ਕੀਰਤਨ ਆਰੰਭ ਹੋਣਗੇ। ਗੁਰਦੁਆਰਾ ਚਰਨ ਕਮਲ ਸਾਹਿਬ ਘੁਮਾਣ ਅਤੇ ਪਿੰਡ ਭੱਟੀਵਾਲ ਵਿਖੇ ਸ਼੍ਰੋਮਣੀ ਭਗਤ ਨਾਮਦੇਵ ਜੀ ਦੇ ਇਤਿਹਾਸਕ ਸਥਾਨਾਂ 'ਤੇ ਵੀ ਜੋਤੀ ਜੋਤ ਪੁਰਬ ਸ਼ਰਧਾ ਤੇ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ।

ਐਸ.ਵਾਈ.ਐਲ. ਨਹਿਰ ਚੁੰਨ੍ਹੀ ਕਲਾਂ ਵਿਖੇ ਸ਼੍ਰੋਮਣੀ ਅਕਾਲੀ ਦਲ (ਅ) ਯੂਥ ਦੇ ਸਰਪ੍ਰਸਤ ਇਮਾਨ ਸਿੰਘ ਮਾਨ ਸੰਬੋਧਨ ਕਰਦੇ ਹੋਏ। ਤਸਵੀਰ : ਕਰਨ

ਐਸ.ਵਾਈ.ਐਲ. ਨਹਿਰ 'ਚ ਟਰੈਕਟਰ ਰਾਹੀਂ ਮਾਰਿਆ ਬੰਨ੍ਹ

ਫ਼ਤਹਿਗੜ੍ਹ ਸਾਹਿਬ, 3 ਜਨਵਰੀ (ਬਲਜਿੰਦਰ ਸਿੰਘ)-ਕੇਂਦਰ ਦੀ ਮੋਦੀ ਸਰਕਾਰ ਵਲੋਂ ਪੰਜਾਬ ਦੇ ਪਾਣੀਆਂ ਜਿਨ੍ਹਾਂ 'ਤੇ ਕੇਵਲ ਪੰਜਾਬ ਦੇ ਵਸਨੀਕਾਂ ਦਾ ਹੱਕ ਹੈ, ਨੂੰ ਲੰਮੇ ਸਮੇਂ ਤੋਂ ਜ਼ਬਰੀ ਲੁੱਟਿਆ ਜਾ ਰਿਹਾ ਹੈ ਤੇ ਹੁਣ 'ਜਲ ਤੇ ਨਲ ਯੋਜਨਾ' ਰਾਹੀਂ ਪੰਜਾਬ ਦੇ ਦਰਿਆਵਾਂ ਅਤੇ ਨਹਿਰਾਂ ਦੇ ਪਾਣੀਆਂ ਨੂੰ ਦੂਸਰੇ ਸੂਬਿਆਂ ਦੀਆਂ ਨਹਿਰਾਂ ਅਤੇ ਦਰਿਆਵਾਂ ਨਾਲ ਜੋੜ ਕੇ ਪੰਜਾਬ ਦੇ ਪਾਣੀਆਂ ਨੂੰ ਲੁੱਟਣ ਦੇ ਫਿਰ ਮਨਸੂਬੇ ਬਣਾਏ ਜਾ ਰਹੇ ਹਨ ਪਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਤੇ ਸਿੱਖ ਕੌਮ ਪੰਜਾਬ ਸੂਬੇ ਨਾਲ ਇਹ ਜ਼ਬਰ ਬਿਲਕੁਲ ਵੀ ਨਹੀਂ ਹੋਣ ਦੇਵੇਗਾ। ਇਹ ਵਿਚਾਰ ਅੱਜ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੇ ਕਸਬੇ ਚੁੰਨੀ ਕਲਾਂ ਨੇੜਿਉਂ ਲੰਘ ਰਹੀ ਐਸ.ਵਾਈ.ਐਲ. ਨਹਿਰ ਵਿਖੇ ਵੱਡੀ ਗਿਣਤੀ 'ਚ ਸਾਥੀਆਂ ਸਮੇਤ ਪਹੁੰਚੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂਥ ਦੇ ਸਰਪ੍ਰਸਤ ਇਮਾਨ ਸਿੰਘ ਮਾਨ ਨੇ ਪੱਤਰਕਾਰਾਂ ਨਾਲ

'ਜਲ ਤੇ ਨਲ ਯੋਜਨਾ' ਰਾਹੀਂ ਪੰਜਾਬ ਦੇ ਪਾਣੀਆਂ ਨੂੰ ਲੁੱਟਣ ਨਹੀਂ ਦਿੱਤਾ ਜਾਵੇਗਾ- ਇਮਾਨ ਸਿੰਘ ਮਾਨ

ਗੱਲਬਾਤ ਦੌਰਾਨ ਪ੍ਰਗਟ ਕੀਤੇ। ਇਸ ਮੌਕੇ ਉਨ੍ਹਾਂ ਵਲੋਂ ਪਾਰਟੀ ਵਰਕਰਾਂ ਸਮੇਤ ਟਰੈਕਟਰ ਦੀ ਮਦਦ ਨਾਲ ਐਸ.ਵਾਈ.ਐਲ. ਨਹਿਰ 'ਚ ਬੰਨ੍ਹ ਮਾਰ ਕੇ ਕੇਂਦਰ ਸਰਕਾਰ ਨੂੰ ਸੰਦੇਸ਼ ਦਿੱਤਾ ਕਿ ਪੰਜਾਬ ਦੇ ਪਾਣੀ ਦੂਸਰੇ ਸੂਬਿਆਂ ਨਹੀਂ ਨੂੰ ਦੇਣ ਦੇਵਾਂਗੇ। ਇਸ ਮੌਕੇ ਜਨਰਲ ਸਕੱਤਰ ਕੁਸ਼ਲਪਾਲ ਸਿੰਘ ਮਾਨ, ਪ੍ਰੋ. ਮੋਹਿੰਦਰਪਾਲ ਸਿੰਘ, ਜ਼ਿਲ੍ਹਾ ਪ੍ਰਧਾਨ ਸ਼ਿੰਗਾਰਾ ਸਿੰਘ ਬਡਲਾ, ਵਰਿੰਦਰ ਸਿੰਘ ਸੇਖੋਂ, ਰਣਜੀਤ ਸਿੰਘ ਸੰਤੋਖਗੜ੍ਹ, ਪਰਮਜੀਤ ਸਿੰਘ ਰਿੰਕਾ, ਲਖਵੀਰ ਸਿੰਘ ਸੌਂਟੀ, ਪਵਨਪ੍ਰੀਤ ਸਿੰਘ ਦਫ਼ਤਰ ਸਕੱਤਰ, ਧਰਮ ਸਿੰਘ ਕਲੌੜ, ਹਰਭਜਨ ਸਿੰਘ ਕਸ਼ਮੀਰੀ, ਜੋਰਾ ਸਿੰਘ ਮਕਾਰੋਂਪੁਰ, ਲਖਵੀਰ ਸਿੰਘ ਕੋਟਲਾ, ਜੋਗਿੰਦਰ ਸਿੰਘ, ਮੁਖ਼ਤਿਆਰ ਸਿੰਘ, ਗਿਆਨ ਸਿੰਘ, ਜੈਬ ਸਿੰਘ, ਕੁਲਵੰਤ ਸਿੰਘ ਝੰਮਪੁਰ, ਸਵਰਨ ਸਿੰਘ, ਗੁਰਪ੍ਰੀਤ ਸਿੰਘ, ਗੋਪਾਲ ਸਿੰਘ ਝਾੜੋਂ, ਤਰਲੋਚਨ ਸਿੰਘ, ਬੀਬੀ ਤੇਜ ਕੌਰ ਆਦਿ ਹਾਜ਼ਰ ਸਨ।

ਰੰਧਾਵਾ ਦੀ ਮਜੀਠੀਆ ਖ਼ਿਲਾਫ਼ ਬਿਆਨਬਾਜ਼ੀ ਨਾਲ ਗ੍ਰਹਿ ਮੰਤਰੀ ਦੇ ਅਹੁਦੇ ਦਾ ਮਿਆਰ ਹੇਠਾਂ ਆਇਆ-ਡਾ. ਚੀਮਾ

ਚੰਡੀਗੜ੍ਹ, 3 ਜਨਵਰੀ (ਮਾਨ)- ਸਾਬਕਾ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਅੱਜ ਸਰਕਾਰ ਦੇ ਗ੍ਰਹਿ ਮੰਤਰੀ ਅਤੇ ਕਾਂਗਰਸੀ ਆਗੂ ਸ. ਸੁਖਜਿੰਦਰ ਸਿੰਘ ਰੰਧਾਵਾ ਵਲੋਂ ਜਿਸ ਤਰ੍ਹਾਂ ਅਕਾਲੀ ਦਲ ਦੇ ਸੀਨੀਅਰ ਨੇਤਾ ਸ. ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਹੇਠਲੇ ਪੱਧਰ ਦੀ ਬਿਆਨਬਾਜ਼ੀ ਕੀਤੀ ਗਈ ਹੈ ਉਸ ਤੋਂ ਸਾਫ਼ ਹੈ ਕਿ ਜਿੱਥੇ ਉਨ੍ਹਾਂ ਅਜਿਹੀ ਬਿਆਨਬਾਜ਼ੀ ਕਰਕੇ ਗ੍ਰਹਿ ਮੰਤਰੀ ਦੇ ਅਹੁਦੇ ਦਾ ਮਿਆਰ ਹੇਠਾਂ ਸੁੱਟਿਆ ਹੈ ਉੱਥੇ ਆਪਣੇ ਸਿਆਸੀ ਵਿਰੋਧੀਆਂ ਖ਼ਿਲਾਫ਼ ਉਨ੍ਹਾਂ ਦੇ ਦਿਲ 'ਚ ਬੈਠੀ ਨਫ਼ਰਤ ਸਾਫ਼ ਝਲਕ ਰਹੀ ਹੈ। ਉਨ੍ਹਾਂ ਕਿਹਾ ਕਿ ਅਜਿਹੀ ਬਿਆਨਬਾਜ਼ੀ ਤੋਂ ਸਾਫ਼ ਹੋ ਗਿਆ ਹੈ ਕਿ ਸ. ਮਜੀਠੀਆ ਵਲੋਂ ਅਦਾਲਤ ਜਾਣ ਦਾ ਦਿੱਤਾ ਗਿਆ ਫ਼ੈਸਲਾ ਬਿਲਕੁਲ ਸਹੀ ਸੀ, ਕਿਉਂਕਿ ਸਰਕਾਰ 'ਚ ਕਿਸੇ ਨੂੰ ਵੀ ਇਨਸਾਫ਼ ਨਹੀਂ ਮਿਲ ਸਕਦਾ। ਉਨ੍ਹਾਂ ਕਿਹਾ ਕਿ ਸੂਬੇ ਦੇ ਗ੍ਰਹਿ ਮੰਤਰੀ ਨੂੰ ਅਜਿਹੀ ਹਲਕੀ ਸਿਆਸਤ ਅਤੇ ਬਿਆਨਬਾਜ਼ੀ ਕਰਨਾ ਸ਼ੋਭਾ ਨਹੀਂ ਦਿੰਦੀ।

ਬੀ. ਕੇ. ਯੂ. ਰਾਜੇਵਾਲ ਦੇ ਪ੍ਰਧਾਨ ਬਲਵੀਰ ਸਿੰਘ ਰਾਜੇਵਾਲ ਅਤੇ ਹੋਰ ਸੀਨੀਅਰ ਨੇਤਾ ਗੱਲਬਾਤ ਕਰਦੇ ਹੋਏ। ਅਜੀਤ ਤਸਵੀਰ

ਕੇਂਦਰ ਵਲੋਂ ਲਿਆਂਦੇ ਜਾ ਰਹੇ ਲੇਬਰ ਕਾਨੂੰਨਾਂ ਨਾਲ ਪੰਜਾਬ ਦਾ ਅਰਥਚਾਰਾ ਤਹਿਸ ਨਹਿਸ ਹੋ ਜਾਵੇਗਾ-ਰਾਜੇਵਾਲ

ਖੰਨਾ, 3 ਜਨਵਰੀ (ਹਰਜਿੰਦਰ ਸਿੰਘ ਲਾਲ)-ਅੱਜ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੀ ਮੀਟਿੰਗ ਬਲਬੀਰ ਸਿੰਘ ਰਾਜੇਵਾਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ 'ਚ ਸਮੁੱਚੇ ਪੰਜਾਬ ਦੇ ਅਹੁਦੇਦਾਰਾਂ ਤੋਂ ਇਲਾਵਾ ਸਾਰੇ ਜ਼ਿਲ੍ਹਿਆਂ ਦੇ ਪ੍ਰਧਾਨ ਅਤੇ ਜਨਰਲ ਸਕੱਤਰ ਵੀ ਹਾਜ਼ਰ ਸਨ। ਇਸ ਮੌਕੇ ਜਥੇਬੰਦੀ ਵਲੋਂ ਪਿਛਲੇ ਸਮੇਂ ਵਿਚ ਕੀਤੀਆਂ ਗਤੀਵਿਧੀਆਂ ਦਾ ਲੇਖਾ-ਜੋਖਾ ਕੀਤਾ ਗਿਆ। ਰਾਜੇਵਾਲ ਨੇ ਕਿਹਾ ਕਿ ਕੇਂਦਰ ਸਰਕਾਰ ਦਾ ਰਵੱਈਆ ਲੋਕ ਵਿਰੋਧੀ ਰਿਹਾ ਹੈ, ਇਸੇ ਕਾਰਨ ਮਜ਼ਦੂਰ ਵਰਗ ਦੇ ਘਾਣ ਵਾਲੇ ਪਾਸੇ ਨੂੰ ਕੇਂਦਰ ਦੇ ਵਧਦੇ ਕਦਮ ਚਿੰਤਾ ਦਾ ਵਿਸ਼ਾ ਹਨ। ਉਨ੍ਹਾਂ ਕਿਹਾ ਕਿ ਕੇਂਦਰ ਵਲੋਂ ਲਿਆਂਦੇ ਜਾ ਰਹੇ ਲੇਬਰ ਕਾਨੂੰਨਾਂ ਨਾਲ ਇੱਥੋਂ ਦਾ ਅਰਥਚਾਰਾ

ਕਿਹਾ: ਇਨ੍ਹਾਂ ਕਾਨੂੰਨਾਂ ਨੂੰ ਰੋਕਣ ਲਈ ਵੱਡੇ ਅੰਦੋਲਨ ਲਈ ਤਿਆਰ ਬਰ ਤਿਆਰ ਰਹਿਣ ਦੀ ਲੋੜ

ਤਹਿਸ ਨਹਿਸ ਹੋ ਕੇ ਰਹਿ ਜਾਵੇਗਾ। ਇਸ ਨੂੰ ਰੋਕਣ ਲਈ ਸਾਨੂੰ ਵੱਡੇ ਅੰਦੋਲਨ ਲਈ ਤਿਆਰ ਬਰ ਤਿਆਰ ਰਹਿਣ ਦੀ ਲੋੜ ਹੈ। ਮੀਟਿੰਗ 'ਚ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਅਤੇ ਜਨਰਲ ਸਕੱਤਰਾਂ ਤੋਂ ਇਲਾਵਾ ਬਲਦੇਵ ਸਿੰਘ ਮੀਆਂਪੁਰ, ਸੀਨੀਅਰ ਮੀਤ ਪ੍ਰਧਾਨ ਨੇਕ ਸਿੰਘ ਖੋਖ, ਜਨਰਲ ਸਕੱਤਰ ਰਜਿੰਦਰ ਸਿੰਘ ਕੋਟ ਪਨੈਚ, ਪਰਮਿੰਦਰ ਸਿੰਘ ਚਲਾਕੀ, ਸਕੱਤਰ ਘੁੰਮਣ ਸਿੰਘ ਰਾਜਗੜ੍ਹ, ਖ਼ਜ਼ਾਨਚੀ ਗੁਲਜ਼ਾਰ ਸਿੰਘ ਘਨੌਰ, ਸੰਗਠਨ ਸਕੱਤਰ ਮਨਮੋਹਨ ਸਿੰਘ ਬਿੰਦ ਆਦਿ ਸ਼ਾਮਿਲ ਹੋਏ।

6 ਦਿਨ ਬਾਅਦ ਹੀ...

(ਸਫ਼ਾ 3 ਦੀ ਬਾਕੀ)

ਵਿਚ ਸ਼ਾਮਿਲ ਕੀਤਾ ਸੀ। ਦਿੱਲੀ ਤੋਂ ਵਾਪਸ ਪਰਤਣ 'ਤੇ ਬਲਵਿੰਦਰ ਸਿੰਘ ਲਾਡੀ ਦੇ ਇਲਾਕੇ ਦੇ ਲੋਕਾਂ ਨੇ ਹੀ ਉਨ੍ਹਾਂ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਸੀ। ਇਸ ਦੇ ਨਾਲ ਇਹ ਵੀ ਕਿਹਾ ਜਾ ਰਿਹਾ ਹੈ ਕਿ ਲਾਡੀ ਨੂੰ ਕਾਂਗਰਸ ਵਲੋਂ ਟਿਕਟ ਦਿੱਤੇ ਜਾਣ ਦਾ ਭਰੋਸਾ ਵੀ ਦਿੱਤਾ ਗਿਆ ਹੈ, ਜਿਸ ਦੇ ਬਾਅਦ ਉਹ ਮੁੜ ਕਾਂਗਰਸ ਵਿਚ ਪਰਤ ਆਏ ਹਨ।

ਪੰਜਾਬ 'ਚ ਆਮ ਆਦਮੀ...

(ਸਫ਼ਾ 3 ਦੀ ਬਾਕੀ)

ਚਾਹੀਦੀ ਕਿਉਂਕਿ ਰਾਜ ਪ੍ਰਬੰਧ ਵਿਚ ਬਦਲਾਅ ਕਿਸੇ ਪਾਰਟੀ ਦਾ ਗ਼ੁਲਾਮ ਬਣ ਕੇ ਨਹੀਂ ਲਿਆਂਦਾ ਜਾ ਸਕਦਾ। ਕਿਸਾਨ ਆਗੂ ਨੇ ਆਗਾਮੀ ਵਿਧਾਨ ਸਭਾ ਚੋਣਾਂ ਪੂਰੇ ਧੜੱਲੇ ਨਾਲ ਲੜਨ ਦਾ ਐਲਾਨ ਕਰਦਿਆਂ ਕਿਹਾ ਕਿ ਸਾਰੇ ਵਿਧਾਨ ਸਭਾ ਹਲਕਿਆਂ ਅੰਦਰ ਭਾਈਵਾਲ ਕਿਸਾਨ ਜਥੇਬੰਦੀਆਂ ਤੇ ਸਮਾਜ ਸੇਵੀ ਸੰਸਥਾਵਾਂ ਦੀ ਸਲਾਹ ਨਾਲ ਜੇਤੂ ਰਹਿਣ ਵਾਲੇ ਇਮਾਨਦਾਰ ਉਮੀਦਵਾਰ ਖੜ੍ਹੇ ਕੀਤੇ ਜਾਣਗੇ।

ਗੁਰਦੁਆਰਾ ਕਰਤਾਰਪੁਰ ਸਾਹਿਬ ਪ੍ਰਾਜੈਕਟ 'ਚ ਇਕ ਅਰਬ 65 ਕਰੋੜ ਦੇ ਘਪਲੇ ਦੇ ਮਾਮਲੇ 'ਚ ਨਵੇਂ ਖ਼ੁਲਾਸੇ

ਅੰਮ੍ਰਿਤਸਰ, 3 ਜਨਵਰੀ (ਸੁਰਿੰਦਰ ਕੋਛੜ)-ਪਾਕਿਸਤਾਨ ਦੇ ਜ਼ਿਲ੍ਹਾ ਨਾਰੋਵਾਲ ਦੀ ਡਿਪਟੀ ਕਮਿਸ਼ਨਰ ਬੀਬੀ ਨਬੀਲਾ ਇਰਫ਼ਾਨ ਵਲੋਂ ਗੁਰਦੁਆਰਾ ਕਰਤਾਰਪੁਰ ਪ੍ਰਾਜੈਕਟ 'ਚ ਇਕ ਅਰਬ 65 ਕਰੋੜ ਰੁਪਏ ਖ਼ੁਰਦ-ਬੁਰਦ ਕੀਤੇ ਜਾਣ ਦਾ ਮਾਮਲਾ ਜਨਤਕ ਕਰਨ ਤੋਂ ਬਾਅਦ ਇਸ 'ਚ ਹੋਰ ਨਵੇਂ ਖ਼ੁਲਾਸੇ ਸਾਹਮਣੇ ਆਏ ਹਨ। ਜਾਣਕਾਰੀ ਅਨੁਸਾਰ ਪਾਕਿ ਦੇ ਫ਼ੌਜੀ ਸੰਗਠਨ ਫ਼ਰੰਟੀਅਰ ਵਰਕਸ ਆਰਗੇਨਾਈਜ਼ੇਸ਼ਨ (ਐਫ. ਡਬਲਿਊ. ਓ.) ਦੇ ਡਾਇਰੈਕਟਰ ਜਨਰਲ ਮੇਜਰ ਜਨਰਲ ਕਮਲ ਅਜ਼ਫਰ ਨੇ ਆਡਿਟ ਦੀ ਉਕਤ ਕਾਰਵਾਈ ਨੂੰ ਰੋਕਣ ਲਈ ਲੋਕ ਲੇਖਾ ਕਮੇਟੀ (ਪੀ. ਏ. ਸੀ.) ਨੂੰ ਸਿਫ਼ਾਰਸ਼ ਕੀਤੀ ਸੀ ਕਿ ਕਰਤਾਰਪੁਰ ਕੋਰੀਡੋਰ ਪ੍ਰਾਜੈਕਟ ਨੂੰ ਆਡਿਟ ਤੋਂ ਛੋਟ ਦਿੱਤੀ ਜਾਣੀ ਚਾਹੀਦੀ ਹੈ। ਉਨ੍ਹਾਂ ਨੇ ਇਹ ਵੀ ਕਿਹਾ ਸੀ ਕਿ ਪਾਕਿ ਸਰਕਾਰ ਦੁਆਰਾ ਫ਼ੰਡਾਂ ਦੀ ਵੰਡ 'ਚ ਦੇਰੀ ਕਾਰਨ

ਐਫ.ਡਬਲਿਊ.ਓ. ਨੇ ਪ੍ਰਾਜੈਕਟ ਨੂੰ ਆਡਿਟ ਤੋਂ ਛੋਟ ਦੇਣ ਦੀ ਕੀਤੀ ਸੀ ਅਪੀਲ

ਕਰਤਾਰਪੁਰ ਪ੍ਰਾਜੈਕਟ ਨੂੰ ਪੂਰਾ ਕਰਨ ਲਈ ਪੈਸਾ ਉਧਾਰ ਲਿਆ ਗਿਆ ਸੀ। ਹਾਲਾਂਕਿ, ਪੀ. ਏ. ਸੀ. ਦੇ ਚੇਅਰਮੈਨ ਰਾਣਾ ਤਨਵੀਰ ਹੁਸੈਨ ਨੇ ਉਕਤ ਆਧਾਰ 'ਤੇ ਸਿਫ਼ਾਰਿਸ਼ ਕੀਤੀਆਂ ਤਬਦੀਲੀਆਂ 'ਤੇ ਇਤਰਾਜ਼ ਪ੍ਰਗਟ ਕੀਤਾ ਹੈ। ਇਸ ਦੌਰਾਨ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਦੇ ਐਮ. ਐਨ. ਏ. ਨੂਰ ਆਲਮ ਖ਼ਾਨ ਨੇ ਪ੍ਰਾਜੈਕਟ ਦੇ ਮੁਕੰਮਲ ਹੋਣ ਬਾਰੇ ਕੁੱਝ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਕਰਤਾਰਪੁਰ ਪ੍ਰੋਜੈਕਟ ਨੂੰ ਪੂਰਾ ਕਰਨ ਵੇਲੇ ਕਿੰਨੇ ਕਾਨੂੰਨ ਤੋੜੇ ਗਏ ਸਨ। ਵਿਰੋਧੀ ਧਿਰ ਪੀ. ਐਮ. ਐਲ.-ਐਨ. ਦੇ ਖ਼ਵਾਜਾ ਆਸਿਫ਼ ਨੇ ਐਮ 1 ਅਤੇ ਐਮ 2 ਮੋਟਰਵੇਅ 'ਤੇ ਕੰਮ ਦੀ ਗੁਣਵੱਤਾ 'ਤੇ ਸਵਾਲ ਕਰਦਿਆਂ ਕਿਹਾ ਕਿ ਕਰਤਾਰਪੁਰ ਪ੍ਰਾਜੈਕਟ ਅਧੀਨ ਸਿਆਲਕੋਟ-ਲਾਹੌਰ ਮੋਟਰਵੇਅ (ਐਮ-11) ਅਤੇ ਗੁਰਦੁਆਰਾ ਸਾਹਿਬ ਨੂੰ ਜਾਂਦੀ ਸੜਕ ਸਭ ਤੋਂ ਹੇਠਲੇ ਪੱਧਰ ਦੀਆਂ ਬਣਾਈਆਂ ਗਈਆਂ ਹਨ।

ਚਿਹਰੇ ਦੀ ਸੁੰਦਰਤਾ ਵਧਾਉਣ ਲਈ ਹੁਣ ਜਲੰਧਰ 'ਚ ਵੀ ਉਪਲਬਧ ਹਨ ਪੈਰਿਸ ਦੀਆਂ ਸੁੰਦਰਤਾ ਤਕਨੀਕਾਂ-ਡਾ. ਹਰਪ੍ਰੀਤ

ਜਲੰਧਰ, 3 ਜਨਵਰੀ (ਐਮ. ਐਸ. ਲੋਹੀਆ)-ਪੈਰਿਸ ਦੀ ਅਕੈਡਮੀ ਆਈ. ਐਮ. ਸੀ. ਏ. ਐਸ. ਦੇ ਮੈਂਬਰ ਤੇ ਅੰਤਰਰਾਸ਼ਟਰੀ ਸਲਾਹਕਾਰ (ਆਨਲਾਈਨ

ਡਾ. ਹਰਪ੍ਰੀਤ ਸਿੰਘ ਆਧੁਨਿਕ ਤਕਨੀਕਾਂ ਬਾਰੇ ਜਾਣਕਾਰੀ ਦਿੰਦੇ ਹੋਏ। ਤਸਵੀਰ : ਮੁਨੀਸ਼

ਇੰਟਰਨੈਸ਼ਨਲ ਕੰਨਸਲਟੈਂਟ) ਡਾ. ਹਰਪ੍ਰੀਤ ਸਿੰਘ ਨੇ ਜਾਣਕਾਰੀ ਦਿੱਤੀ ਕਿ ਪੈਰਿਸ ਤੇ ਯੂਰਪ ਦੀਆਂ ਨਵੀਆਂ ਸੁੰਦਰਤਾ ਤਕਨੀਕਾਂ ਦੇ ਨਾਲ ਚਿਹਰੇ ਦੀ ਸੁੰਦਰਤਾ ਨੂੰ ਵਧਾਇਆ ਜਾ ਸਕਦਾ ਹੈ। ਹਰਪ੍ਰੀਤ ਫੇਸ਼ੀਅਲ ਆਸਥੈਟਿਕ ਸੈਂਟਰ ਨਿਊ ਜਵਾਹਰ ਨਗਰ, ਜਲੰਧਰ 'ਚ ਚੱਲ ਰਹੇ ਮੁਫ਼ਤ ਸੈਮੀਨਾਰ ਦੌਰਾਨ ਜਾਗਰੂਕ ਕਰਦੇ ਹੋਏ ਉਨ੍ਹਾਂ ਕਿਹਾ ਕਿ ਫੇਸ ਫਿੱਲਰ, ਬਾਟਕਸ, ਥਰੈਡ ਫੇਸਲਿਫ਼ਟ, ਲੇਜ਼ਰ ਨਾਲ ਅਣਚਾਹੇ ਵਾਲ ਹਟਾਉਣ ਤੇ ਬਿਨਾਂ ਆਪ੍ਰੇਸ਼ਨ ਪੇਟ, ਚਿਹਰੇ, ਲੱਤਾਂ, ਬਾਹਵਾਂ ਆਦਿ ਤੋਂ ਚਰਬੀ ਹਟਾ ਕੇ ਮਨਚਾਹੀ ਦਿਖ ਪ੍ਰਾਪਤ ਕਰਨ ਆਦਿ ਸਾਰੀਆਂ ਤਕਨੀਕਾਂ 'ਚ ਬਹੁਤ ਤਬਦੀਲੀ ਆਈ ਹੈ। ਇਨ੍ਹਾਂ ਵਿਧੀਆਂ ਨਾਲ ਲਟਕੇ ਹੋਏ ਚਿਹਰੇ ਨੂੰ ਚੁੱਕਣਾ, ਛੋਟੇ ਬੁਲ੍ਹਾਂ ਨੂੰ ਵੱਡਾ ਤੇ ਸੁੰਦਰ ਬਣਾਉਣਾ, ਨੱਕ ਤੇ ਠੋਡੀ ਨੂੰ ਸੋਹਣਾ ਤੇ ਤਿੱਖਾ ਬਣਾਕੇ ਮੋਟੇ ਚਿਹਰੇ ਨੂੰ ਪਤਲੀ ਦਿਖ ਦੇਣਾ, ਦੋਹਰੀ ਠੋਡੀ, ਗਰਦਨ ਤੇ ਚਿਹਰੇ ਦੀਆਂ ਝੁਰੜੀਆਂ ਨੂੰ ਖ਼ਤਮ ਕਰਨਾ, ਅੱਖਾਂ ਦੇ ਆਸ-ਪਾਸ ਕਾਲੇ ਘੇਰੇ ਤੇ ਖੱਡੇ ਦੂਰ ਕੀਤੇ ਜਾ ਸਕਦੇ ਹਨ। ਡਾ. ਹਰਪ੍ਰੀਤ ਨੇ ਕਿਹਾ ਕਿ ਚੁਣੇ ਹੋਏ ਚਾਹਵਾਨ ਵਿਅਕਤੀਆਂ ਦੇ ਚਿਹਰੇ ਦਾ ਉਨ੍ਹਾਂ ਦੇ ਕੇਂਦਰ 'ਚ ਇਨ੍ਹਾਂ ਆਧੁਨਿਕ ਤਕਨੀਕਾਂ ਨਾਲ ਰੂਪਾਂਤਰਨ ਕੀਤਾ ਜਾ ਰਿਹਾ ਹੈ।

ਸੂਬੇ 'ਚ 419 ਨਵੇਂ ਮਾਮਲੇ-1 ਮਰੀਜ਼ ਦੀ ਮੌਤ

ਚੰਡੀਗੜ੍ਹ, 3 ਜਨਵਰੀ (ਅਜੀਤ ਬਿਊਰੋ)- ਪੰਜਾਬ 'ਚ ਅੱਜ ਕੋਰੋਨਾ ਵਾਇਰਸ ਦੇ 419 ਨਵੇਂ ਮਾਮਲਿਆਂ ਦੀ ਪੁਸ਼ਟੀ ਹੋਈ ਹੈ ਜਦਕਿ ਲੁਧਿਆਣਾ ਨਾਲ ਸੰਬੰਧਿਤ ਇਕ ਮਰੀਜ਼ ਦੀ ਮੌਤ ਹੋਣ ਦੀ ਖ਼ਬਰ ਹੈ। ਅੱਜ 38 ਮਰੀਜ਼ ਸਿਹਤਯਾਬ ਵੀ ਹੋਏ ਹਨ। ਸਭ ਤੋਂ ਵੱਧ ਅੱਜ ਪਟਿਆਲਾ ਤੋਂ 143, ਪਠਾਨਕੋਟ ਤੋਂ 58, ਐਸ.ਏ.ਐਸ. ਨਗਰ ਤੋਂ 57, ਜਲੰਧਰ ਤੋਂ 24, ਅੰਮ੍ਰਿਤਸਰ ਤੋਂ 20, ਬਠਿੰਡਾ ਤੋਂ 16, ਹੁਸ਼ਿਆਰਪੁਰ ਤੋਂ 13, ਕਪੂਰਥਲਾ ਤੋਂ 12, ਗੁਰਦਾਸਪੁਰ ਤੋਂ 10, ਫ਼ਤਿਹਗੜ੍ਹ ਸਾਹਿਬ ਤੋਂ 9, ਮੋਗਾ ਤੋਂ 5, ਰੋਪੜ ਤੋਂ 5, ਸੰਗਰੂਰ ਤੋਂ 5, ਫ਼ਿਰੋਜ਼ਪੁਰ ਤੋਂ 4, ਤਰਨਤਾਰਨ ਤੋਂ 3, ਮੁਕਤਸਰ ਤੋਂ 2, ਬਰਨਾਲਾ ਤੋਂ 1, ਫਾਜ਼ਿਲਕਾ ਤੋਂ 1 ਅਤੇ ਐਸ.ਬੀ.ਐਸ. ਨਗਰ ਤੋਂ 1 ਕੋਰੋਨਾ ਦਾ ਨਵਾਂ ਮਾਮਲਾ ਸਾਹਮਣੇ ਆਇਆ ਹੈ।

ਸ੍ਰੀ ਬੀ.ਆਰ. ਬਾਂਸਲ, ਵਧੀਕ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ (ਸੇਵਾ ਮੁਕਤ)
ਇਨਕੁਆਰੀ ਅਫ਼ਸਰ, ਕੋਠੀ ਨੰ: 1020, ਸੈਕਟਰ-16, ਪੰਚਕੂਲਾ ਦੀ ਹਾਜ਼ਰੀ ਵਿਚ
ਮਿਤੀ : 23.12.2021

ਵੱਲ :
ਡਾ. ਚਰਨਜੀਤ ਸਿੰਘ,
ਮੈਡੀਕਲ ਆਫੀਸਰ (ਡੈਂਟਲ),
ਸਬ-ਡਵੀਜ਼ਨਲ ਹਸਪੀਟਲ,
ਅਬੋਹਰ ਰਾਹੀਂ ਸਿਵਲ ਸਰਜਨ, ਫ਼ਾਜ਼ਿਲਕਾ।
ਦੂਸਰਾ ਪਤਾ
ਡਾ. ਚਰਨਜੀਤ ਸਿੰਘ ਪੁੱਤਰ ਸ੍ਰੀ ਦੀਵਾਨ ਸਿੰਘ
ਮ: ਨੰ: 519, ਪਿੰਡ ਤੇ ਡਾਕਖਾਨਾ ਜੰਡਵਾਲਾ ਮੀਰਾ ਸੰਗਲਾ,
ਤਹਿਸੀਲ ਅਤੇ ਜ਼ਿਲ੍ਹਾ ਫ਼ਾਜ਼ਿਲਕਾ-152128

ਜਦਕਿ ਨਿਮਨਹਸਤਾਖਰੀ ਕੋਲ ਵਿਚਾਰ ਅਧੀਨ ਸਰਕਾਰ ਦੁਆਰਾ ਜਾਰੀ ਮੀਮੋ ਨੰ: 13/3/2020-5 ਐਚ 4/1499 (ਏ) ਮਿਤੀ 13.5.2021 ਵਾਲੀ ਚਾਰਜਸ਼ੀਟ ਵਿਚ ਤੁਹਾਡੇ ਵਿਰੁੱਧ ਵਿਭਾਗੀ ਜਾਂਚ ਵਿਚ ਨਿਰਧਾਰਤ ਮਿਤੀ ਨੂੰ ਅੰਤਿਮ ਜਾਣੇ ਜਾਂਦੇ ਪਤੇ 'ਤੇ ਸਾਧਾਰਨ/ਰਜਿਸਟਰਡ ਡਾਕ ਰਾਹੀਂ ਭੇਜੇ ਨੋਟਿਸ ਦੇ ਬਾਵਜੂਦ ਤੁਸੀਂ ਹਾਜ਼ਰ ਨਹੀਂ ਹੋਏ ਅਤੇ ਇਸ ਤਰ੍ਹਾਂ ਇਸ ਪ੍ਰਕਾਸ਼ਨਾ ਦੁਆਰਾ ਤੁਹਾਨੂੰ ਉਪਰੋਕਤ ਦੱਸੇ ਸਥਾਨ ਉੱਤੇ ਮਿਤੀ 7.2.2022 ਨੂੰ ਸਵੇਰੇ 1100 ਵਜੇ ਹਾਜ਼ਰ ਹੋਣ ਦੇ ਨਿਰਦੇਸ਼ ਦਿੱਤੇ ਜਾਂਦੇ ਹਨ, ਨਹੀਂ ਤਾਂ ਕਾਨੂੰਨ ਮੁਤਾਬਿਕ ਤੁਹਾਡੇ ਵਿਰੁੱਧ ਇਕਤਰਫਾ ਕਾਰਵਾਈਆਂ ਕੀਤੀਆਂ ਜਾਣਗੀਆਂ।

ਸਹੀ/-, (ਬੀ.ਆਰ. ਬਾਂਸਲ)
ਨੰ: 12/217/2021/12073 ਇਨਕੁਆਰੀ ਅਫ਼ਸਰ।

ਓਮੀਕਰੋਨ ਕਾਰਨ ਕੱਲ੍ਹ ਤੋਂ ਵਰਚੂਅਲ ਢੰਗ ਨਾਲ ਸੁਣਵਾਈ ਕਰੇਗਾ ਹਾਈਕੋਰਟ

ਚੰਡੀਗੜ੍ਹ, 3 ਜਨਵਰੀ (ਅੰਕੁਰ ਤਾਂਗੜੀ)- ਓਮੀਕਰੋਨ ਦੇ ਚੱਲਦਿਆਂ ਪੰਜਾਬ-ਹਰਿਆਣਾ ਹਾਈਕੋਰਟ ਨੇ ਵੱਡਾ ਫ਼ੈਸਲਾ ਲਿਆ ਹੈ। ਹਾਈਕੋਰਟ ਨੇ ਕੋਵਿਡ-19 ਦੇ ਨਵੇਂ ਰੂਪ ਓਮੀਕਰੋਨ ਦੇ ਵਧਦੇ ਮਾਮਲਿਆਂ ਨੂੰ ਧਿਆਨ 'ਚ ਰੱਖਦਿਆਂ 5 ਜਨਵਰੀ ਤੋਂ ਅਦਾਲਤਾਂ 'ਚ ਸੁਣਵਾਈ ਵਰਚੂਅਲ ਢੰਗ ਨਾਲ ਕਰਨ ਦਾ ਫ਼ੈਸਲਾ ਲਿਆ ਹੈ। ਹਾਈਕੋਰਟ ਨੇ ਸੋਮਵਾਰ ਨੂੰ ਫ਼ੈਸਲੇ ਦਾ ਐਲਾਨ ਕਰਦੇ ਹੋਏ ਇਕ ਸਰਕੁਲਰ ਜਾਰੀ ਕੀਤਾ ਹੈ। ਇਸ ਵਿਚ ਕਿਹਾ ਗਿਆ ਹੈ ਕਿ ਸਰੀਰਕ ਮੌਜੂਦਗੀ ਸੁਣਵਾਈ ਲਈ ਮਾਨਕ ਚਾਲਨ ਪ੍ਰਕਿਰਿਆ ਨਿਰਧਾਰਿਤ ਕਰਨ ਵਾਲਾ ਪਹਿਲਾ ਜਾਰੀ ਕੀਤਾ ਗਿਆ ਸਰਕੁਲਰ ਇਸ ਮਿਆਦ ਦੌਰਾਨ ਮੁਅੱਤਲ ਰਹੇਗਾ।

ਸਿੱਧੂ ਦਾ ਕੋਈ 'ਸਟੈਂਡ'...

(ਸਫ਼ਾ 3 ਦੀ ਬਾਕੀ)

ਬਾਅਦ ਹੋਰ ਸਿਆਸੀ ਪਾਰਟੀਆਂ ਵੀ ਸਿੱਧੂ 'ਤੇ ਤਿੱਖੇ ਹਮਲੇ ਕਰ ਰਹੀਆਂ ਹਨ ਅਤੇ ਲੋਕ ਸੋਸ਼ਲ ਮੀਡੀਆ 'ਤੇ ਵੀ ਸਿੱਧੂ ਦਾ ਮਜ਼ਾਕ ਉਡਾ ਰਹੇ ਹਨ।

ਪੰਜਾਬ ਸਿਰ 3 ਲੱਖ ਕਰੋੜ ਦਾ ਕਰਜ਼ਾ

ਰਾਘਵ ਚੱਢਾ ਨੇ ਸੂਬੇ ਦੀ ਪਿਛਲੀ ਅਕਾਲੀ-ਭਾਜਪਾ ਅਤੇ ਮੌਜੂਦਾ ਕਾਂਗਰਸ ਸਰਕਾਰ 'ਤੇ ਪੰਜਾਬ ਨੂੰ ਕਰਜ਼ੇ 'ਚ ਡੋਬਣ ਦਾ ਦੋਸ਼ ਲਗਾਇਆ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਅਤੇ ਬਾਦਲ ਸਰਕਾਰਾਂ ਨੇ ਪਿਛਲੇ 50 ਸਾਲਾਂ ਵਿਚ ਪੰਜਾਬ ਨੂੰ 3 ਲੱਖ ਕਰੋੜ ਰੁਪਏ ਦੇ ਕਰਜ਼ੇ ਦੇ ਬੋਝ ਨਾਲ ਡੋਬ ਦਿੱਤਾ ਹੈ। ਅੱਜ 3 ਕਰੋੜ ਦੀ ਆਬਾਦੀ ਵਾਲੇ ਪੰਜਾਬ ਦੇ ਹਰ ਵਿਅਕਤੀ ਦੇ ਸਿਰ 'ਤੇ 1 ਲੱਖ ਰੁਪਏ ਕਰਜ਼ੇ ਦਾ ਬੋਝ ਹੈ। ਅੱਜ ਪੰਜਾਬ 'ਚ ਜਨਮ ਲੈਂਦੇ ਹੀ ਬੱਚੇ ਸਿਰ ਇਕ ਲੱਖ ਰੁਪਏ ਦਾ ਕਰਜ਼ਾ ਚੜ੍ਹ ਜਾਂਦਾ ਹੈ।

'ਮਰਨੇ ਸੇ ਪਹਿਲੇ...

(ਸਫ਼ਾ 3 ਦੀ ਬਾਕੀ)

ਦੱਸਿਆ ਕਿ ਮੁਬਾਰਕ ਮੰਜ਼ਿਲ ਮਹਿਲ ਨੂੰ ਬੇਗਮ ਸਾਹਿਬਾ ਦੀ 'ਆਖ਼ਰੀ ਖ਼ਵਾਹਿਸ਼' ਦੇ ਮੱਦੇਨਜ਼ਰ ਪੰਜਾਬ ਸਰਕਾਰ ਵਲੋਂ ਆਪਣੀ ਮਲਕੀਅਤ ਵਿਚ ਲਿਆ ਜਾ ਚੁੱਕਿਆ ਹੈ। ਇਸ ਦੇ ਗ੍ਰਹਿਣ, ਸੰਭਾਲ ਅਤੇ ਵਰਤੋਂ ਲਈ ਮਨਜ਼ੂਰੀ ਪਹਿਲਾ ਹੀ ਦਿੱਤੀ ਜਾ ਚੁੱਕੀ ਹੈ ਅਤੇ ਸੰਭਾਲ ਦੇ ਕੰਮ ਨੂੰ ਅਮਲੀ ਜਾਮਾ ਪਹੁੰਚਾਉਣ ਲਈ ਸੈਰ ਸਪਾਟਾ, ਸਭਿਆਚਾਰ, ਪੁਰਾਤਤਵ, ਪੁਰਾਲੇਖ ਅਤੇ ਅਜਾਇਬ ਘਰ ਵਿਭਾਗ ਨਾਲ ਗੱਲ ਬਾਤ ਸ਼ੁਰੂ ਕੀਤੀ ਜਾ ਚੁੱਕੀ ਹੈ।

ਸ੍ਰੀ ਅਕਾਲ ਤਖ਼ਤ...

(ਸਫ਼ਾ 3 ਦੀ ਬਾਕੀ)

ਪੱਤਰ ਲਿਖਿਆ ਹੈ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਲਿਖੇ ਪੱਤਰ 'ਚ ਸ. ਰੰਧਾਵਾ ਨੇ ਲਿਖਿਆ 'ਸਿੰਘ ਸਾਹਿਬ ਜੀਓ, ਅੱਜ ਦੇ ਅਖ਼ਬਾਰ ਅਤੇ ਕੱਲ੍ਹ ਦੇ ਸ਼ੋਸ਼ਲ ਮੀਡੀਆ ਰਾਹੀ ਜੋਂ ਰੋਸ ਦਿਵਸ ਪਵਿੱਤਰ ਸ੍ਰੀ ਹਰਿਮੰਦਰ ਸਾਹਿਬ ਪਰਿਸਰ ਵਿਖੇ ਮਨਾਇਆ ਗਿਆ ਹੈ। ਮੇਰੇ ਹਿਰਦੇ ਨੂੰ ਉਦੋਂ ਬੜੀ ਠੇਸ ਪਹੁੰਚੀ ਕਿ ਉਸ ਸੰਸਥਾ ਜਿਸ ਨੂੰ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਥਾਪਿਤ ਕੀਤਾ ਵਲੋਂ ਸਥਾਪਿਤ ਸਿਰਮੌਰ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁਖੀ ਨੇ ਪੰਥ ਨੂੰ ਇਕੱਠਾ ਹੋ ਕੇ ਸ਼੍ਰੋਮਣੀ ਕਮੇਟੀ ਨੂੰ ਤਕੜਾ ਕਰਨ ਦੀ ਅਪੀਲ ਦੇ ਨਾਲ, ਆਪ ਜੀ ਵਲੋਂ ਇਸ ਅਪੀਲ ਰਾਹੀ ਬਾਦਲ ਦਲ ਨੂੰ ਤਕੜਾ ਹੋਣ ਦੀ ਜੋ ਗੱਲ ਆਖੀ, ਉਸ ਗੱਲ ਨੇ ਸਿੱਖ ਸੰਗਤ ਦੇ ਹਿਰਦਿਆਂ ਨੂੰ ਵਲੂੰਧਰਿਆ ਹੈ।

ਹੁਣ ਦੂਲੋਂ ਨੇ ਆਪਣੀ...

(ਸਫ਼ਾ 3 ਦੀ ਬਾਕੀ)

ਜਾਂਚ ਹੋਣੀ ਚਾਹੀਦੀ ਸੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਜਿਹੜੇ ਲੋਕ ਜ਼ਹਿਰੀਲੀ ਸ਼ਰਾਬ ਪੀਣ ਕਾਰਨ ਮਰੇ ਹਨ ਉਸ ਸ਼ਰਾਬ ਨੂੰ ਬਣਾਉਣ ਵਾਲੀਆਂ ਡਿਸਟਿਲਰੀਆਂ 'ਤੇ ਵੀ ਕਾਰਵਾਈ ਨਹੀਂ ਹੋਈ ਹੈ। ਉਨ੍ਹਾਂ ਕਿਹਾ ਕਿ ਮੈਨੂੰ ਅਜਿਹਾ ਲੱਗ ਰਿਹਾ ਹੈ ਕਿ ਅਜਿਹੇ ਮਾਫ਼ੀਏ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਮੈਟ੍ਰਿਕ ਪੱਧਰੀ ਵਾਧੂ...

(ਸਫ਼ਾ 3 ਦੀ ਬਾਕੀ)

ਪ੍ਰੀਖਿਆ 27 ਜਨਵਰੀ ਅਤੇ ਪੰਜਾਬੀ ਪੇਪਰ ਬੀ ਦੀ ਪ੍ਰੀਖਿਆ 28 ਜਨਵਰੀ ਨੂੰ ਕਰਵਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਪ੍ਰੀਖਿਆ ਦੇਣ ਦੇ ਇੱਛੁਕ ਪ੍ਰੀਖਿਆਰਥੀਆਂ ਲਈ ਪ੍ਰੀਖਿਆ ਫਾਰਮ ਬੋਰਡ ਦੀ ਵੈੱਬਸਾਈਟ 'ਤੇ ਉਪਲਬਧ ਕਰਵਾ ਦਿੱਤੇ ਗਏ ਹਨ। ਹਰ ਪੱਖੋਂ ਮੁਕੰਮਲ ਪ੍ਰੀਖਿਆ ਫਾਰਮ 17 ਜਨਵਰੀ ਤੱਕ ਬੋਰਡ ਦੇ ਮੁੱਖ ਦਫ਼ਤਰ ਵਿਖੇ ਸਥਾਪਿਤ ਸਿੰਗਲ ਵਿੰਡੋ ਵਿਖੇ ਜਮਾਂ ਕਰਵਾਏ ਜਾ ਸਕਣਗੇ।

ਪੀ. ਟੈੱਟ ਦਸੰਬਰ-2021 ਦੀ ਪ੍ਰੀਖਿਆ ਦੀ ਉੱਤਰ ਕੁੰਜੀ ਦੇ ਇਤਰਾਜ਼ ਅੱਜ ਤੋਂ ਦਰਜ ਕੀਤੇ ਜਾ ਸਕਣਗੇ

ਐਸ. ਏ. ਐਸ. ਨਗਰ, 3 ਜਨਵਰੀ (ਤਰਵਿੰਦਰ ਸਿੰਘ ਬੈਨੀਪਾਲ)- ਪੰਜਾਬ ਰਾਜ ਅਧਿਆਪਕ ਯੋਗਤਾ ਟੈਸਟ (ਪੀ. ਟੈਟ) ਜੋ ਕਿ 24 ਦਸੰਬਰ ਨੂੰ ਲਿਆ ਗਿਆ ਸੀ, ਦੀ ਉੱਤਰ ਕੁੰਜੀ ਦੇ ਇਤਰਾਜ਼ 4 ਤੋਂ 7 ਜਨਵਰੀ ਤੱਕ ਦਰਜ ਕੀਤੇ ਜਾ ਸਕਣਗੇ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਡਾ. ਜਰਨੈਲ ਸਿੰਘ ਕਾਲੇਕੇ ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ ਨੇ ਦੱਸਿਆ ਕਿ ਉੱਤਰ ਕੁੰਜੀ ਵੈੱਬਸਾਈਟ 'ਤੇ 4 ਤੋਂ 7 ਜਨਵਰੀ ਤੱਕ ਅੱਪਲੋਡ ਕੀਤੀ ਜਾਵੇਗੀ। ਉੱਤਰ ਕੁੰਜੀ ਸੰਬੰਧੀ ਉਮੀਦਵਾਰ ਆਪਣੇ ਇਤਰਾਜ਼ ਉਕਤ ਵੈੱਬਸਾਈਟ 'ਤੇ ਪਾ ਸਕਦੇ ਹਨ। ਇਸ ਸੰਬੰਧੀ ਲੋੜੀਂਦੀਆਂ ਹਦਾਇਤਾਂ ਵੀ ਵੈੱਬਸਾਈਟ 'ਤੇ ਉਪਲੱਬਧ ਹਨ।

ਟਰੱਕ ਆਪ੍ਰੇਟਰਾਂ ਦੇ...

(ਸਫ਼ਾ 3 ਦੀ ਬਾਕੀ)

ਪ੍ਰਧਾਨ ਟੋਨੀ, ਸੁਖਵਿੰਦਰ ਸਿੰਘ ਬਰਾੜ, ਅਜੈ ਸਿੰਗਲਾ, ਅਮਨ ਮੋੜ, ਰਜਿੰਦਰ ਸਿੰਘ ਈਸਾਪੁਰ, ਅਰਜਨ ਸਿੰਘ ਸ਼ੇਰਗਿੱਲ, ਮੇਜਰ ਸਿੰਘ, ਜਥੇ. ਨਰਿੰਦਰ ਸਿੰਘ, ਇਕਬਾਲ ਸਿੰਘ, ਸੁਰਿੰਦਰ ਸਿੰਘ, ਰਣਜੀਤ ਸਿੰਘ ਬਰਾੜ, ਜਗਤਾਰ ਸਿੰਘ ਘੜੂੰਆਂ, ਨਰਿੰਦਰ ਸਿੰਘ ਮੈਣੀ, ਕੰਵਲਜੀਤ ਸਿੰਘ ਪੱਤੋਂ, ਬਲਜੀਤ ਸਿੰਘ ਖੋਖਰ, ਗੁਰਸੇਵਕ ਸਿੰਘ, ਜਵਾਲਾ ਸਿੰਘ, ਤਰਲੋਕ ਸਿੰਘ, ਗੁਰਜੰਟ ਸਿੰਘ, ਪ੍ਰਦੀਪ ਕੁਮਾਰ, ਮਹਿੰਦਰ ਸਿੰਘ ਜਗਤਪੁਰਾ, ਹਨੀ ਰਾਣਾ, ਗੁਰਮੀਤ ਸਿੰਘ ਕਲੇਰ ਤੇ ਸੁਖਵਿੰਦਰ ਸਿੰਘ ਆਦਿ ਵੀ ਹਾਜ਼ਰ ਸਨ।

ਮਜੀਠੀਆ ਤੋਂ ਮੁਆਫ਼ੀ ਮੰਗਣ ਵਾਲੇ...

(ਸਫ਼ਾ 3 ਦੀ ਬਾਕੀ)

ਉਪ ਮੁੱਖ ਮੰਤਰੀ ਨੇ ਕਿਹਾ ਕਿ ਮਜੀਠੀਆ ਖ਼ਿਲਾਫ਼ ਐਸ.ਟੀ.ਐਫ. ਦੀ ਰਿਪੋਰਟ ਦੇ ਆਧਾਰ 'ਤੇ ਗੈਰ ਜ਼ਮਾਨਤੀ ਧਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ ਅਤੇ ਮਜੀਠੀਆ ਦੀ ਗ੍ਰਿਫ਼ਤਾਰੀ ਲਈ ਪੁਲਿਸ ਲਗਾਤਾਰ ਛਾਪੇਮਾਰੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਅਜਿਹਾ ਲੱਗ ਰਿਹਾ ਹੈ ਕਿ ਮਜੀਠੀਆ ਪੰਜਾਬ ਵਿਚ ਹੈ ਹੀ ਨਹੀਂ ਅਤੇ ਗ੍ਰਿਫ਼ਤਾਰੀ ਦੇ ਡਰ ਤੋਂ ਪੰਜਾਬ ਛੱਡ ਗਿਆ ਹੈ। ਰੰਧਾਵਾ ਨੇ ਕਿਹਾ ਕੁਝ ਲੋਕ ਕਹਿ ਰਹੇ ਹਨ ਕਿ ਮਜੀਠੀਆ ਆਪਣੇ ਹਲਕੇ ਵਿਚ ਘੁੰਮ ਰਿਹਾ ਹੈ ਪਰ ਅਜਿਹਾ ਨਹੀਂ ਹੈ। ਇਸ ਦੇ ਨਾਲ ਹੀ ਪੰਜਾਬ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਵਲੋਂ ਇਸ ਮਾਮਲੇ ਨੂੰ ਲੈ ਕੇ ਆਪਣੀ ਹੀ ਸਰਕਾਰ 'ਤੇ ਨਿਸ਼ਾਨਾ ਕੱਸਣ ਦੇ ਸਵਾਲ ਦਾ ਜਵਾਬ ਦਿੰਦਿਆਂ ਉਪ ਮੁੱਖ ਮੰਤਰੀ ਨੇ ਕਿਹਾ ਕਿ ਸਿੱਧੂ ਗ਼ਲਤ ਬੋਲ ਰਿਹਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਕਹਿ ਰਹੀ ਹੈ ਕਿ ਕਾਂਗਰਸ ਮਜੀਠੀਏ ਨਾਲ ਮਿਲੀ ਹੋਈ ਹੈ ਪਰ ਉਨ੍ਹਾਂ ਨੂੰ ਇਹ ਨਜ਼ਰ ਨਹੀਂ ਆ ਰਿਹਾ ਕਿ ਕੱਲ੍ਹ ਤਕ ਆਪਣੇ ਆਪ ਨੂੰ ਮਾਝੇ ਦਾ ਜਰਨੈਲ ਦੱਸਣ ਵਾਲਾ ਅੱਜ ਭਗੌੜਾ ਹੈ।

ਈ-ਟੈਂਡਰਜ਼ ਮੰਗਣ ਦਾ ਟੈਂਡਰ ਨੋਟਿਸ

GMADA

ਹੇਠਾਂ ਦਰਸਾਏ ਕੰਮ ਲਈ ਐਸ ਬੀ ਡੀ ਦੇ ਯੋਗਤਾ ਮਾਪਦੰਡ ਦੇ ਅਨੁਸਾਰ ਯੋਗ ਠੇਕੇਦਾਰਾਂ ਤੋਂ ਪ੍ਰਤੀਸ਼ਤ ਆਧਾਰ (ਡੀ.ਐਨ.ਆਈ.ਟੀ. ਰਾਸ਼ੀ ਦੇ ਉੱਪਰ ਜਾਂ ਹੇਠਾਂ ਜਾਂ ਦੇ ਬਰਾਬਰ) 'ਤੇ ਆਨਲਾਈਨ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ:-

ਕੰਮ ਦਾ ਨਾਂਅ	ਅੰਦਾਜ਼ਨ ਲਾਗਤ	ਬਿਆਨਾ ਰਕਮ
ਮੈਸ ਐਲ ਐਂਡ ਟੀ, ਵਾਟਰ ਐਂਡ ਇਫੂਲੈਂਟ ਟਰੀਟਮੈਂਟ ਦੇ ਜੋਖਮ ਅਤੇ ਲਾਗਤ 'ਤੇ ਈਕੋਸਿਟੀ-1, ਨਿਊ ਚੰਡੀਗੜ੍ਹ ਵਿਚ ਮੌਜੂਦਾ ਨੁਕਸਾਨੀਆਂ ਐਚ ਡੀ ਪੀ ਈ ਪਾਈਪ ਲਾਈਨਜ਼ ਨੈੱਟਵਰਕਸ ਦੀ ਟੈਸਟਿੰਗ, ਰਿਪੇਅਰ ਅਤੇ ਰਿਪਲੇਸਿੰਗ।	ਰੁ: 48.76 ਲੱਖ	ਰੁਪਏ 97,600/-

ਟੈਂਡਰ ਪ੍ਰੋਸੈਸਿੰਗ ਫੀਸ : ਆਨਲਾਈਨ ਅਨੁਸਾਰ			ਮੁਕੰਮਲ ਕਰਨ ਦਾ ਅਰਸਾ : 6 ਮਹੀਨੇ	
ਬੋਲੀ ਲਈ ਟੈਂਡਰ ਦੀ ਆਨਲਾਈਨ ਉਪਬਧਤਾ		ਆਨਲਾਈਨ ਬੋਲੀਆਂ ਪੇਸ਼ ਕਰਨ ਲਈ ਅੰਤਿਮ ਮਿਤੀ ਅਤੇ ਸਮਾਂ	ਐਸ.ਈ. (ਸੀ-2), ਕਮਰਾ ਨੰ: 413, ਚੌਥੀ ਮੰਜ਼ਿਲ, ਪੁੱਡਾ ਭਵਨ, ਸੈਕਟਰ-62, ਐਸ.ਏ.ਐਸ. ਨਗਰ ਦੇ ਦਫ਼ਤਰ ਵਿਚ ਟੈਂਡਰ ਦੇ ਖੁੱਲ੍ਹਣ ਦੀ ਮਿਤੀ ਅਤੇ ਸਮਾਂ	
ਤੋਂ	ਤੱਕ		ਤਕਨੀਕੀ ਬੋਲੀ	ਵਿੱਤੀ ਬੋਲੀ
04.01.2022 ਬਾ. ਦੁ. 3.00	14.01.2022 ਸਵੇਰੇ 11.00	14.01.2022 ਸਵੇਰੇ 11.00	14.01.2022 ਬਾ. ਦੁ. 3.00	ਤਕਨੀਕੀ ਬੋਲੀ ਦੀ ਪ੍ਰਵਾਨਗੀ ਤੋਂ ਬਾਅਦ

1. ਵਿਸਥਾਰਤ ਨਿਯਮ ਅਤੇ ਸ਼ਰਤਾਂ ਲਈ ਸਾਡੀ ਵੈੱਬਸਾਈਟ **https://eproc.punjab.gov.in** ਦਾ ਹਵਾਲਾ ਲਓ।
2. ਈ-ਟੈਂਡਰਿੰਗ ਪ੍ਰਕਿਰਿਆ ਸੰਬੰਧੀ ਕਿਸੇ ਸਪੱਸ਼ਟੀਕਰਨ/ਮੁਸ਼ਕਿਲ ਲਈ 0172-2970263, 2970284 'ਤੇ ਸੰਪਰਕ ਕਰੋ।

ਡਵੀਜ਼ਨਲ ਇੰਜੀਨੀਅਰ (ਪੀ ਐਚ-2)

ਗਰੇਟਰ ਮੁਹਾਲੀ ਏਰੀਆ ਡਿਵੈੱਲਪਮੈਂਟ ਅਥਾਰਟੀ
ਪੁੱਡਾ ਭਵਨ, ਸੈਕਟਰ-62, ਐਸ.ਏ.ਐਸ. ਨਗਰ।

ਪੰਜਾਬ ਸਰਕਾਰ ਗਜ਼ਟ (ਐਕਸਟਰਾ), 6 ਦਸੰਬਰ, 2021 2895
(ਅਘਨ 15, 1943 ਸਾਕਾ)
ਪਾਰਟ III
ਪੰਜਾਬ ਸਰਕਾਰ
ਟਰਾਂਸਪੋਰਟ ਵਿਭਾਗ
ਟਰਾਂਸਪੋਰਟ II ਸ਼ਾਖਾ
ਨੋਟੀਫਿਕੇਸ਼ਨ
30 ਨਵੰਬਰ, 2021

ਨੰ: ਐਸ. ਓ. 141/ਸੀ.ਏ. 59/1988/ਐਸ 99/2021-ਮੋਟਰ ਵਹੀਕਲਜ਼ ਐਕਟ 1988 (ਸੈਂਟਰਲ ਐਕਟ ਨੰ: 59 ਆਫ 1988) ਦੀ ਧਾਰਾ 99 ਦੁਆਰਾ ਪ੍ਰਾਪਤ ਸ਼ਕਤੀਆਂ ਅਤੇ ਇਸ ਸੰਬੰਧ ਵਿਚ ਉਨ੍ਹਾਂ ਨੂੰ ਸਮਰਥਨ ਕਰਨ ਵਾਲੀਆਂ ਹੋਰ ਸਾਰੀਆਂ ਸ਼ਕਤੀਆਂ ਦਾ ਪ੍ਰਯੋਗ ਕਰਦੇ ਹੋਏ ਪੰਜਾਬ ਦੇ ਰਾਜਪਾਲ ਪੰਜਾਬ ਟਰਾਂਸਪੋਰਟ ਯੋਜਨਾ 2018 ਵਿਚ ਹੋਰ ਸੋਧ ਕਰਨ ਦੇ ਲਈ ਇਕ ਪ੍ਰਸਤਾਵ ਤਿਆਰ ਕਰਦੇ ਹਨ। ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਕੋਈ ਵੀ ਵਿਅਕਤੀ ਹੇਠਾਂ ਦਿੱਤੀ ਪ੍ਰਸਤਾਵਿਤ ਸਕੀਮ ਦੇ ਵਿਰੁੱਧ ਪ੍ਰਮੁੱਖ ਸਕੱਤਰ ਪੰਜਾਬ ਸਰਕਾਰ, ਟਰਾਂਸਪੋਰਟ ਵਿਭਾਗ, ਪੰਜਾਬ ਸਿਵਲ ਸਕੱਤਰੇਤ-2, ਸੈਕਟਰ 9, ਚੰਡੀਗੜ੍ਹ ਨੂੰ ਉਪਰੋਕਤ ਦੱਸੇ ਐਕਟ ਦੀ ਧਾਰਾ 100 ਦੀ ਉਪ ਧਾਰਾ (1) ਅਧੀਨ ਲੋੜੀਂਦੇ ਅਨੁਸਾਰ ਆਫੀਸ਼ੀਅਲ ਗਜ਼ਟ ਵਿਚ ਉਪਰੋਕਤ ਦੱਸੇ ਪ੍ਰਸਤਾਵ ਦੀ ਪ੍ਰਕਾਸ਼ਨਾ ਦੀ ਮਿਤੀ ਤੋਂ ਤੀਹ ਦਿਨਾਂ ਦੇ ਅਰਸੇ ਦੇ ਅੰਦਰ-ਅੰਦਰ ਇਤਰਾਜ਼ ਦਾਇਰ ਕਰ ਸਕਦਾ ਹੈ ਅਤੇ ਅਜਿਹੇ ਇਤਰਾਜ਼ ਇਸੇ ਐਕਟ ਦੀ ਧਾਰਾ 100 ਦੀ ਉਪ ਧਾਰਾ (2) ਦੀਆਂ ਵਿਵਸਥਾਵਾਂ ਦੇ ਅਨੁਸਾਰ ਰਾਜ ਸਰਕਾਰ ਦੁਆਰਾ ਵਿਚਾਰੇ ਜਾਣਗੇ।

ਡਰਾਫਟ ਸਕੀਮ

1. (1) ਇਸ ਸਕੀਮ ਨੂੰ ਪੰਜਾਬ ਟਰਾਂਸਪੋਰਟ (ਅਮੈਂਡਮੈਂਟ) ਸਕੀਮ, 2021 ਕਿਹਾ ਜਾ ਸਕਦਾ ਹੈ।
   (2) ਇਹ ਆਫੀਸ਼ੀਅਲ ਗਜ਼ਟ ਵਿਚ ਇਸ ਦੀ ਪ੍ਰਕਾਸ਼ਨਾ ਦੀ ਮਿਤੀ ਤੋਂ ਲਾਗੂ ਹੋਵੇਗਾ।
2. ਪੰਜਾਬ ਟਰਾਂਸਪੋਰਟ ਸਕੀਮ, 2018 ਵਿਚ, ਕਲਾਜ 3 ਵਿਚ, ਤਾਲਿਕਾ ਵਿਚ :-
   (i) ਸੀਰੀਅਲ ਨੰ: ਬੀ ਨੂੰ ਛੱਡ ਦਿੱਤਾ ਜਾਵੇਗਾ ਅਤੇ
   (ii) ਸੀਰੀਅਲ ਨੰ: ਏ ਤੋਂ ਬਾਅਦ, ਹੇਠ ਲਿਖਿਆ ਸੀਰੀਅਲ ਨੰ: ਸ਼ਾਮਿਲ ਕੀਤਾ ਜਾਵੇਗਾ, ਅਰਥਾਤ :

ਬੀ	ਇੰਟਰਸਟੇਟ ਰੂਟਸ*	100	0	ਬੈਠਨ ਦੀ ਸਮਰੱਥਾ 39 ਜਾਂ ਵਧੇਰੇ ਸਹਿਤ ਡਰਾਈਵਰ ਨੂੰ ਛੱਡ ਕੇ ਅਗਲੀ ਸ਼ਰਤ ਦੇ ਨਾਲ ਕਿ ਏਅਰ ਕੰਡੀਸ਼ਨਡ ਸਟੇਜ ਕੈਰੇਜ ਸਿਰਫ ਸਟੇਟ ਟਰਾਂਸਪੋਰਟ ਅੰਡਰ ਟੇਕਿੰਗਜ਼ ਦੁਆਰਾ ਹਰੇਕ ਸ਼੍ਰੇਣੀ ਵਿਚ ਉਨ੍ਹਾਂ ਦੇ ਸਮੁੱਚੇ ਹਿੱਸੇ ਵਿਚੋਂ ਹੀ ਚਲਾਈਆਂ ਜਾਣਗੀਆਂ।

* ਇੰਟਰ ਸਟੇਟ ਰੂਟਸ ਨਾਲ ਸੰਬੰਧਿਤ ਵਿਵਸਥਾ ਨੂੰ ਮੁੜ ਸੂਚਿਤ ਕੀਤਾ ਜਾ ਰਿਹਾ ਹੈ ਕਿਉਂਕਿ ਭਾਰਤ ਸਰਕਾਰ ਦੁਆਰਾ ਇਸ ਨੂੰ ਮਨਜ਼ੂਰੀ ਮਿਲਣੀ ਬਾਕੀ ਹੈ।

ਕੇ. ਸ਼ਿਵਾ ਪ੍ਰਸਾਦ,
ਪ੍ਰਮੁੱਖ ਸਕੱਤਰ ਪੰਜਾਬ ਸਰਕਾਰ,
No: 12/8240/2021/12077 ਟਰਾਂਸਪੋਰਟ ਵਿਭਾਗ।